بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّی عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਖ਼ਲੀਫ਼ਾ ਰਾਸ਼ਿਦ ਸੱਯਦਨਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣਾਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਿਮਦ ਖਲੀਫਾਤੁਲ ਮਸੀਹ ਅਲ-ਖਾਮਿਸ ਅੱਯਾਦਾਹੁ ਅੱਲ੍ਹਾ ਤਆਲਾ ਬਿਨਸਰਹਿਲ-ਅਜ਼ੀਜ਼, 02 ਦਸੰਬਰ 2022 ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ)**

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹੁਦ, ਤਾਉਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ:

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸੱਦਗੁਣ ਬਿਆਨ ਹੋ ਰਹੇ ਸਨ। ਇਸ ਬਾਰੇ'ਚ ਉਨ੍ਹਾਂ ਦਾ ਮਨੁੱਖਾਂ'ਚੋਂ ਸਭ ਤੋਂ ਵੱਧ ਪਿਆਰਾ ਹੋਣ ਬਾਰੇ ਇੱਕ ਰਵਾਯਤ ਹੈ ਕਿ ਹਜ਼ਰਤ ਇਬਨੇ ਉਮਰ ਰਜ਼ੀ ਅੱਲਾਹ ਅੰਨਹੋ ਬਿਆਨ ਕਰਦੇ ਹਨ ਕਿ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਦੇ ਸਮੇਂ'ਚ ਅਸੀਂ ਇੱਕ ਨੂੰ ਦੂਜੇ ਤੋਂ ਚੰਗਾ ਦੱਸਦੇ ਸਨ ਅਰਥਾਤ ਮੁਕਾਬਲਾ ਹੁੰਦਾ ਸੀ। ਅਸੀਂ ਸਮਝਦੇ ਸਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਸਭ ਤੋਂ ਚੰਗੇ ਹਨ। ਫ਼ਿਰ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅੱਲਾਹ ਅੰਨਹੋ ਅਤੇ ਫ਼ਿਰ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੋ ਚੰਗੇ ਹਨ। ਇੱਕ ਮੌਕੇ'ਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਨੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਕਿਹਾ ਕਿ ਹੇ ਲਿਕਾਂ'ਚੋਂ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਬਾਦ ਸਭ ਤੋਂ ਚੰਗੇ। ਇਸ'ਤੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਛੇਤੀ ਨਾਲ ਕਿਹਾ ਕਿ ਮੈਂ ਨਬੀ ਕਰੀਮ ਸੱਲਲਾਹੋ ਅਲੈਹਿ ਵਸਲੱਮ ਨੂੰ ਫ਼ਰਮਾਉਂਦੇ ਸੁਣਿਆ ਹੈ ਕਿ ਸੂਰਜ ਨਹੀਂ ਚੜ੍ਹਿਆ ਕਿਸੇ'ਤੇ ਜੋ ਉਮਰ ਤੋਂ ਚੰਗਾ ਹੋਵੇ।

ਹਜ਼ਰਤ ਸਲਮਾਨ ਰਜ਼ੀ ਅੱਲਾਹ ਅੰਨਹੋ, ਹਜ਼ਰਤ ਸੁਹੈਬ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਬਿਲਾਲ ਰਜ਼ੀ ਅੱਲਾਹ ਅੰਨਹੋ ਲੋਕਾਂ ਦੇ ਵਿਚਕਾਰ ਮੌਜੂਦ ਸਨ ਕਿ ਅਬੂ ਸੁਫ਼ਯਾਨ ਆਏ। ਉਸ'ਤੇ ਲੋਕਾਂ ਨੇ ਕਿਹਾ ਕਿ ਅੱਲਾਹ ਦੀ ਕਸਮ ! ਅੱਲਾਹ ਦੀ ਤਲਵਾਰਾਂ ਨੇ ਅੱਲਾਹ ਦੇ ਦੁਸ਼ਮਨ ਦੀ ਗਰਦਨ ਨਾਲ ਹੁਣ ਤੱਕ ਆਪਣਾ ਬਦਲਾ ਪੂਰਾ ਨਹੀਂ ਕੀਤਾ। ਇਹ ਸੁਣ ਕੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਨੇ ਫ਼ਰਮਾਇਆ ਕਿ ਕੀ ਤੁਸੀਂ ਕੁਰੈਸ਼ ਦੇ ਸਰਦਾਰਾਂ ਬਾਰੇ ਇੰਝ ਕਹਿ ਰਹੇ ਹੋ। ਫ਼ਿਰ ਆਪ ਰਜ਼ੀ ਅੱਲਾਹ ਹਜ਼ੂਰ ਸੱਲਲਾਹੋ ਅੱਲੈਹਿ ਵਸਲੱਮ ਦੀ ਸੇਵਾ'ਚ ਹਾਜ਼ਰ ਹੋਏ ਤਾਂ ਹਜ਼ੂਰ ਸੱਲਲਾਹੋ ਅਲੈਹਿ ਵਸਲੱਮ ਨੇ

ਫ਼ਰਮਾਇਆ ਕਿ ਹੇ ਅਬੂ ਬਕਰ ! ਤੁਸੀਂ ਸ਼ਾਇਦ ਸਲਮਾਨ, ਸੁਹੈਬ ਤੇ ਬਿਲਾਲ ਆਦਿ ਨੂੰ ਨਾਰਾਜ਼ ਕਰ'ਤਾ ਹੈ ਅਤੇ ਜੇਕਰ ਤੁਸੀਂ ਇੰਝ ਕਰ'ਤਾ ਹੈ। ਤਾਂ ਤੁਸੀਂ ਆਪਣੇ ਰੱਬ ਨੂੰ ਨਾਰਾਜ਼ ਕਰ'ਤਾ ਹੈ। ਇਹ ਸੁਣ ਕੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਉਨ੍ਹਾਂ ਤਿਨ੍ਹਾਂ ਕੋਲ੍ਹ ਆਏ ਅਤੇ ਕਿਹਾ ਕਿ ਪਿਆਰੇ ਭਰਾਵੋਂ ! ਕੀ ਮੈਂ ਆਪ ਨੂੰ ਨਾਰਾਜ਼ ਕਰ'ਤਾ ਹੈ। ਇਸ'ਤੇ ਉਨ੍ਹਾਂ ਨੇ ਕਿਹਾ ਕਿ ਨਹੀਂ ! ਅਜੀਹੀ ਕੋਈ ਗੱਲ੍ਹ ਨਹੀਂ। ਇੱਥੇ ਇਹ ਵੀ ਸਾਬਤ ਹੁੰਦਾ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੀ ਵਿਨ੍ਰਮਤਾ ਕਿਨ੍ਹੀਂ ਸੀ। ਅਜੀਹੇ ਲੋਕ ਜਿਨ੍ਹਾਂ ਨੂੰ ਆਪ ਨੇ ਗ਼ੁਲਾਮੀ ਤੋਂ ਆਜ਼ਾਦ ਵੀ ਕਰਵਾਇਆ। ਉਨ੍ਹਾਂ ਕੋਲ੍ਹ ਆਉਂਦੇ ਹਨ ਅਤੇ ਉਨ੍ਹਾਂ ਤੋਂ ਮੁਆਫ਼ੀ ਮੰਗਦੇ ਹਨ ਅਤੇ ਫ਼ਿਰ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਪ੍ਰੇਮ ਤੇ ਆਗਿਆ ਪਾਲਣਾ ਦਾ ਇਹ ਹਾਲ ਸੀ ਕਿ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਨੇ ਇਹ ਕਿਹਾ ਕਿ ਤੁਸੀਂ ਨਾਰਾਜ਼ ਕਰ'ਤਾ। ਇਹ ਨਹੀਂ ਕਿਹਾ ਕਿ ਜਾ ਕੇ ਮੁਆਫ਼ੀ ਮੰਗੋਂ। ਪਰ ਆਪ ਛੇਤੀ ਨਾਲ ਉਨ੍ਹਾਂ ਵੱਲ੍ਹ ਗਏ ਅਤੇ ਉਨ੍ਹਾਂ ਤੋਂ ਮੁਆਫ਼ੀ ਮੰਗੀ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਸਦੀਕ ਰਜ਼ੀ ਅੱਲਾਹ ਅੰਨਹੋ ਦੇ ਗੁਣ ਤੇ ਖ਼ੂਬੀਆਂ'ਚੋਂ ਇੱਕ ਖ਼ਾਸ ਗੱਲ੍ਹ ਇਹ ਵੀ ਹੈ ਕਿ ਹਿਜਰਤ ਦੇ ਸਫ਼ਰ'ਚ ਆਪ ਨੂੰ ਸਹਿਯੋਗ ਲਈ ਖ਼ਾਸ ਕੀਤਾ ਗਿਆ ਸੀ ਅਤੇ ਸਰਵੋਤਮ ਮਨੁੱਖ ਦੀ ਔਕੜ੍ਹਾਂ'ਚ ਆਪ ਰਜ਼ੀ ਅੱਲਾਹ ਅੰਨਹੋ ਉਨ੍ਹਾਂ ਨਾਲ ਸੀ। ਆਪ ਰਜ਼ੀ ਅੱਲਾਹ ਅੰਨਹੋ ਔਕੜ੍ਹਾਂ ਦੇ ਆਰੰਭ ਤੋਂ ਹੀ ਹਜ਼ੂਰ ਸੱਲਲਾਹ ਅਲੈਹਿ ਵਸਲੱਮ ਦੇ ਖ਼ਾਸ ਪ੍ਰੇਮੀ ਬਣਾਏ ਗਏ ਤਾਂ ਕਿ ਰੱਬ ਦੇ ਪਿਆਰੇ ਸੱਲਲਾਹੋ ਅਲੈਹਿ ਵਸਲੱਮ ਨਾਲ ਆਪ ਦਾ ਖ਼ਾਸ ਸੰਬੰਧ ਸਾਬਤ ਹੋਵੇ ਅਤੇ ਇਸ'ਚ ਭੇਦ ਇਹ ਸੀ ਕਿ ਰੱਬ ਨੂੰ ਇਹ ਖ਼ੂਬ ਖ਼ਬਰ ਸੀ ਕਿ ਸਦੀਕੇ ਅਕਬਰ ਸਹਾਬਾ'ਚੋਂ ਸਭ ਤੋਂ ਵੱਧ ਬਹਾਦਰ, ਆਸਥਾ ਭਰਪੂਰ ਤੇ ਸਭ ਤੋਂ ਵੱਧ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੇ ਪਿਆਰੇ ਅਤੇ ਮੈਦਾਨ ਮਾਰਨ ਵਾਲੇ ਸਨ ਅਤੇ ਇਹ ਕਿ ਆਪ ਸੱਲਲਾਹੋ ਅਲੈਹਿ ਵਸਲੱਮ ਦੇ ਪਿਆਰ'ਚ ਫ਼ਨਾ ਸਨ।

ਹਜ਼ੂਰੇ ਅਨਵਰ ਨੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਬਾਰੇ ਮੌਜੂਦਾ ਸਮੇਂ ਦੇ ਕੁੱਝ ਆਰੋਪ ਪੈਸ਼ ਕਰਕੇ ਫ਼ਰਮਾਇਆ ਕਿ ਕਿਉਂਕਿ ਇਹ ਲੋਕ ਆਂਹਜ਼ਰਤ ਸੱਲਲਾਹੋ ਅਲੈਹਿ ਵਸਲੱਮ ਦੀ ਨਬੁਵੱਤ ਦੇ ਉਸ ਉੱਚ ਤੇ ਉੱਚਤਮ ਸਥਾਨ ਬਾਰੇ ਸਮਝ ਤੇ ਗਿਆਨ ਨਹੀਂ ਰੱਖਦੇ। ਇਸੇ ਲਈ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਆਦਿ ਦੀ ਤਾਰੀਫ਼'ਚ ਵਾਧੂ ਗੱਲ੍ਹਾਂ ਕਰਦੇ ਹਨ। ਜੋ ਕਿਸੇ ਤਰ੍ਹਾਂ ਵੀ ਠੀਕ ਨਹੀਂ ਹੋ ਸਕਦੀਆਂ। ਜੱਦ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਹੋਣ ਜਾਂ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ। ਇਹ ਸਾਰੇ ਆਪਣੇ ਨਬੀ ਹਜ਼ਰਤ ਮੁੰਹਮਦ ਸੱਲਲਾਹੋ ਅਲੈਹਿ ਵਸਲੱਮ ਦੇ ਸੰਪੂਰਨ ਵਫ਼ਾਦਾਰ ਸਨ। ਇਹ ਲੋਕ ਹਜ਼ਰਤ ਮੁੰਹਮਦ ਸੱਲਲਾਹੋ ਅਲੈਹਿ ਵਸਲੱਮ ਲਈ ਸੇਵਕਾਂ ਵੱਜੋਂ ਹੱਥ ਤੇ ਪੈਰ ਸਨ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸਦਗੁਣਾਂ ਬਾਰੇ ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਕੀ ਇਹ ਸੱਚ ਨਹੀਂ ਕਿ ਵੱਡੇ ਵੱਡੇ ਜ਼ਬਰਦਸਤ ਬਾਦਸ਼ਾਹ ਅਬੂ ਬਕਰ ਅਤੇ ਉਮਰ ਰਜ਼ੀ ਅੱਲਾਹ ਅੰਨਹੁਮਾ, ਸਗੋਂ ਹਜ਼ਰਤ ਅਬੂ ਹੁਰੈਰਾ ਰਜ਼ੀ ਅੱਲਾਹ ਅੰਨਹੋ ਦਾ ਨਾਂ ਲੈ ਕੇ ਰਜ਼ੀ ਅੱਲਾਹ ਕਹਿੰਦੇ ਰਹੇ ਹਨ ਅਤੇ ਚਾਹੁੰਦੇ ਰਹੇ ਹਨ ਕਿ ਕਾਸ਼ ਉਨ੍ਹਾਂ ਦੀ ਸੇਵਾ ਦਾ ਹੀ ਸਾਨੂੰ ਮੌਕਾ ਮਿਲਦਾ। ਫ਼ਿਰ ਕੌਣ ਹੈ ਜੋ ਕਹਿ ਸਕੇ ਕਿ ਹਜ਼ਰਤ ਅਬੂ ਬਕਰ, ਉਮਰ ਤੇ ਅਬੂ ਹੁਰੈਰਾ ਰਜ਼ੀ ਅੱਲਾਹ ਅੰਨਹੁਮਾ ਨੇ ਗ਼ਰੀਬੀ ਦੀ ਜਿੰਦਗੀ ਹੰਡਾ ਕੇ ਕੁੱਝ ਨੁਕਸਾਨ ਚੁੱਕਿਆ। ਬੇਸ਼ੱਕ ਉਨ੍ਹਾਂ ਨੇ ਦੁਨੀਆ ਦੀ ਨਜ਼ਰ'ਚ ਆਪਣੇ ਉੱਪਰ ਇੱਕ ਮੌਤ ਕਬੂਲ ਕੀਤੀ। ਪਰ ਇਹ ਮੌਤ ਉਨ੍ਹਾਂ ਦੀ ਜ਼ਿੰਦਗੀ ਸਾਬਤ ਹੋਈ ਅਤੇ ਹੁਣ ਕੋਈ ਤਾਕਤ ਉਨ੍ਹਾਂ ਨੂੰ ਮਾਰ ਨਹੀਂ ਸਕਦੀ। ਉਹ ਅੰਤਿਮ ਦਿਹਾੜ੍ਹੇ ਤੱਕ ਜ਼ਿੰਦਾ ਰਹਿਣਗੇ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਹੋਰ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਵੇਖੋ। ਆਪ ਰਜ਼ੀ ਅੱਲਾਹ ਅੰਨਹੋ ਮੱਕੇ ਦੇ ਇੱਕ ਆਮ ਤਾਜਰ ਸਨ। ਜੇਕਰ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨਾ ਆਉਂਦੇ ਤੇ ਮੱਕੇ ਦੀ ਤਾਰੀਖ਼ ਲਿੱਖੀ ਜਾਂਦੀ ਤਾਂ ਇਤਿਹਾਸਕਾਰ ਕੇਵਲ ਇਨ੍ਹਾਂ ਲਿੱਖਦਾ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਰਬ ਦਾ ਇੱਕ ਸ਼ਰੀਫ਼ ਤੇ ਇਮਾਨਦਾਰ ਤਾਜਰ ਸੀ। ਪਰ ਮੁੰਹਮਦ ਸੱਲਲਾਹੋ ਅਲੈਹਿ ਵਸਲੱਮ ਦੀ ਸੰਪੂਰਨ ਆਗਿਆ ਪਾਲਣਾ ਕਰਕੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਇਹ ਸਥਾਨ ਪ੍ਰਾਪਤ ਹੋਇਆ। ਤਾਂ ਅੱਜ ਸਾਰੀ ਦੁਨੀਆਂ ਇੱਜ਼ਤ ਨਾਲ ਉਨ੍ਹਾਂ ਦਾ ਨਾਂ ਲੈਂਦੀ ਹੈ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਇਸਲਾਮ ਦੀ ਸੇਵਾ ਅਤੇ ਦੀਨ ਲਈ ਕੁਰਬਾਨੀਆਂ ਕਰਕੇ ਅੱਜ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਜੋ ਇੱਜ਼ਤ ਪ੍ਰਾਪਤ ਹੈ। ਕੀ ਉਹ ਦੁਨੀਆਂ ਦੇ ਵੱਡੇ ਵੱਡੇ ਬਾਦਸ਼ਾਹਾਂ ਨੂੰ ਵੀ ਪ੍ਰਾਪਤ ਹੈ। ਅੱਜ ਦੁਨੀਆਂ ਦੇ ਬਾਦਸ਼ਾਹਾਂ'ਚੋਂ ਕੋਈ ਇੱਕ ਵੀ ਨਹੀਂ। ਜਿਸ ਨੂੰ ਉਹ ਇੱਜ਼ਤ ਦਿੱਤੀ ਗਈ ਹੋਵੇ। ਜੋ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਪ੍ਰਾਪਤ ਹੈ। ਸਗੋਂ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਤਾਂ ਵੱਖ ਰਹੇ। ਕਿਸੇ ਵੱਡੇ ਤੋਂ ਵੱਡੇ ਬਾਦਸ਼ਾਹ ਨੂੰ ਵੀ ਉਹ ਇੱਜ਼ਤ ਨਹੀਂ ਮਿਲੀ। ਜੋ ਮੁਸਲਮਾਨਾਂ ਦੇ ਨੇੜ੍ਹੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਨੌਕਰਾਂ ਨੂੰ ਪ੍ਰਾਪਤ ਹੈ। ਸਗੋਂ ਸੱਚ ਤਾਂ ਇਹ ਹੈ ਕਿ ਸਾਨੂੰ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦਾ ਕੁੱਤਾ ਵੀ ਵੱਡੀ ਮਾਣ ਵਾਲੀਆਂ'ਤੋਂ ਚੰਗਾ ਲੱਗਦਾ ਹੈ। ਇਸ ਲਈ ਕਿਉਂਕਿ ਉਹ ਹਜ਼ਰਤ ਮੁੰਹਮਦ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੇ ਬੂਹੇ ਦਾ ਸੇਵਕ ਹੋ ਗਿਆ। ਜੋ ਹਜ਼ਰਤ ਮੁੰਹਮਦ ਸੱਲਲਾਹੋ ਅਲੈਹਿ ਵਸਲੱਮ ਦੇ ਬੂਹੇ ਦਾ ਗ਼ੁਲਾਮ ਹੋ ਗਿਆ ਤਾਂ ਉਸ ਦੀ ਹਰ ਚੀਜ਼ ਸਾਨੂੰ ਪਿਆਰੀ ਲੱਗਣ ਲੱਗ ਪਈ ਅਤੇ ਹੁਣ ਇਹ ਸੰਭਵ ਹੀ ਨਹੀਂ। ਕੋਈ ਬੰਦਾ ਇਸ ਇੱਜ਼ਤ ਨੂੰ ਸਾਡੇ ਦਿਲੋਂ ਕੱਢ ਸਕੇ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅੱਲਾਹ ਅੰਨਹੋ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਇੱਕ ਪੁੱਤਰ ਜੋ ਲੰਮੇ ਸਮੇ ਬਾਦ ਇਸਲਾਮ'ਚ ਦਾਖ਼ਲ ਹੋਏ। ਇੱਕ ਵਾਰ ਰਸੂਲੁੱਲਾਹ ਸੱਲਲਾਹ ਅਲੈਹਿ ਵਸਲੱਮ ਦੀ ਮਸਜਿਦ'ਚ ਮੌਜੂਦ ਸਨ। ਵੱਖੋ-ਵੱਖ ਗੱਲ੍ਹਾਂ ਜਾਰੀ ਚਲ੍ਹ ਰਹੀਆਂ ਸਨ। ਇੰਝ ਗੱਲ੍ਹਾਂ'ਚ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੂੰ ਕਹਿਣ ਲੱਗੇ। ਅੱਬਾ ਜਾਨ ! ਉਸ ਜੰਗ ਦੇ ਮੌਕੇ'ਤੇ ਮੈਂ ਇੱਕ ਪੱਥਰ ਦੇ ਪਿੱਛੇ ਲੁੱਕਿਆ ਸੀ। ਆਪ ਮੇਰੇ ਸਾਮ੍ਹਣਿਓਂ ਦੋ ਵਾਰ ਲੰਘੇ। ਮੈਂ ਉਸ ਸਮੇਂ ਚਾਹੁੰਦਾ ਤਾਂ ਆਪ ਨੂੰ ਮਾਰ ਦਿੰਦਾ। ਪਰ ਮੈਂ ਇਸ ਖ਼ਿਆਲ ਤੋਂ ਹੱਥ ਨ ਚੁੱਕਿਆ ਕਿ ਆਪ ਮੇਰੇ ਬਾਪ ਹਨ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਇਹ ਸੁਣ ਕੇ ਬੋਲੇ ਮੈਂ ਤੈਨੂੰ ਵੇਖਿਆ ਨਹੀਂ। ਜੇਕਰ ਮੈਂ ਤੈਨੂੰ ਵੇਖ ਲੈਂਦਾ ਤਾਂ ਕਿਉਂਕਿ ਤੂੰ ਰੱਬ ਦਾ ਦੁਸ਼ਮਨ ਹੋ ਕੇ ਮੈਦਾਨ'ਚ ਆਇਆ ਸੀ। ਇਸ ਲਈ ਮੈਂ ਜ਼ਰੂਰ ਤੈਨੂੰ ਮਾਰ'ਦਾ।

ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਦੇ ਸਦੱਗੁਣਾਂ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਉਹ ਸਨ। ਜਿਸ ਦੀ ਸਰਿਸ਼ਤ'ਚ ਭਲਾਈ ਦਾ ਤੇਲ੍ਹ ਤੇ ਬੱਤੀ ਪਹਿਲਾਂ ਤੋਂ ਮੌਜੂਦ ਸੀ। ਇਸ ਲਈ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਦੀ ਪਾਕ ਸਿਖਿੱਆ ਨੇ ਉਸ ਨੂੰ ਛੇਤੀ ਨਾਲ ਪ੍ਰਭਾਵਿਤ ਕਰਕੇ ਰੌਸ਼ਨ ਕਰ'ਤਾ। ਇਸੇ ਲਈ ਆਪ ਸੱਲਲਾਹੋ ਅਲੈਹਿ ਵਸਲੱਮ ਨਾਲ ਕੋਈ ਬਹਿਸ ਨਹੀਂ ਕੀਤੀ। ਕੋਈ ਨਿਸ਼ਾਨ ਤੇ ਚਮਤਕਾਰ ਨਹੀਂ ਮੰਗਿਆ। ਸੁਣਦੇ ਹੀ ਬਸ ਇਨ੍ਹਾਂ ਪੁਛਿੱਆ ਕਿ ਕੀ ਤੁਸੀਂ ਨਬੁਵੱਤ ਦਾ ਦਾਅਵਾ ਕੀਤਾ ਹੈ। ਜਦੋਂ ਰਸੂਲੁੱਲਾਹ ਸੱਲਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ, ਹਾਂ ! ਤਾਂ ਬੋਲ੍ਹ ਪਏ ਕਿ ਆਪ ਸੱਲਲਾਹੋ ਅਲੈਹਿ ਵਸਲੱਮ ਗਵਾਹ ਰਹਿਣ ਮੈਂ ਸਭ ਤੋਂ ਪਹਿਲਾਂ ਯਕੀਨ ਲਿਆਉਣ ਵਾਲਾ ਹਾਂ। ਇਹ ਅਨੁਭਵ ਕੀਤਾ ਗਿਆ ਹੈ ਕਿ ਸਵਾਲ ਕਰਨ ਵਾਲੇ ਬਹੁਤ ਘੱਟ ਹਦਾਇਤ ਪਾਉਂਦੇ ਹਨ। ਹਾਂ, ਚੰਗੀ ਸੋਚ ਵਾਲੇ ਤੇ ਸਬਰ ਨਾਲ ਕੰਮ ਲੈਣ ਵਾਲੇ ਹਦਾਇਤ ਤੋਂ ਪੂਰੇ ਤੌਰ'ਤੇ ਭਾਗ ਲੈਂਦੇ ਹਨ। ਇਸ ਦਾ ਨਮੂਨਾ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਤੇ ਅਬੂ ਜਹਲ ਦੋਵਾਂ'ਚ ਮੌਜੂਦ ਹੈ। ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਨੇ ਝੱਗੜ੍ਹਾ ਨਹੀਂ ਕੀਤਾ ਅਤੇ ਨਿਸ਼ਾਨ ਨਾ ਮੰਗੇ। ਪਰ ਉਨ੍ਹਾਂ ਨੂੰ ਉਹ ਮਿਲਿਆ। ਜੋ ਨਿਸ਼ਾਨ ਮੰਗਣ ਵਾਲੀਆਂ ਨੂੰ ਨਾ ਮਿਲਿਆ। ਉਨ੍ਹਾਂ ਨੇ ਨਿਸ਼ਾਨ ਤੇ ਨਿਸ਼ਾਨ ਵੇਖੇ ਅਤੇ ਆਪ ਇੱਕ ਵੱਡਮੁਲ੍ਹਾ ਨਿਸ਼ਾਨ ਬਣ ਗਏ। ਅਬੂ ਜਹਲ ਨੇ ਬਹਾਣਾ ਬਣਾਇਆ ਅਤੇ ਦੁਸ਼ਮਨੀ ਕਰਨ ਤੋਂ ਨ ਮੁੜ੍ਹਿਆ। ਉਸ ਨੇ ਨਿਸ਼ਾਨ ਤੇ ਨਿਸ਼ਾਨ ਵੇਖੇ। ਪਰ ਨ ਵੇਖ ਸੱਕਿਆ। ਅੰਤ ਆਪ ਦੂਜੀਆਂ ਲਈ ਨਿਸ਼ਾਨ ਹੋ ਕੇ ਦੁਸ਼ਮਨੀ'ਚ ਹੀ ਮਰ ਗਿਆ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੇਰੇ ਰੱਬ ਨੇ ਮੇਰੇ'ਤੇ ਪ੍ਰਕਟ ਕੀਤਾ ਹੈ ਕਿ ਸਦੀਕ ਅਤੇ ਫ਼ਾਰੂਕ ਅਤੇ ਉਸਮਾਨ ਰਜ਼ੀ ਅੱਲਾਹ ਅੰਨਹੁਮਾ ਨੇਕ ਤੇ ਮੋਮਿਨ ਸਨ ਅਤੇ ਉਨ੍ਹਾਂ ਲੋਕਾਂ'ਚੋਂ ਸਨ, ਜਿਨ੍ਹਾਂ ਨੂੰ ਰੱਬ ਨੇ ਚੁੱਣਿਆਂ। ਜੋ ਕਿਰਪਾਲੂ ਰੱਬ ਦੀਆ ਕਿਰਪਾਵਾ ਨਾਲ ਖ਼ਾਸ ਕੀਤੇ ਗਏ

ਅਤੇ ਬਥੇਰੇ ਰੱਬੀ ਬੰਦੀਆਂ ਨੇ ਉਨ੍ਹਾਂ ਦੇ ਗੁਣਾਂ ਦੀ ਗਵਾਹੀ ਦਿੱਤੀ। ਉਨ੍ਹਾਂ ਨੇ ਰੱਬ ਲਈ ਆਪਣੇ ਘਰ ਛੱਡੇ ਹਰ ਜੰਗ ਦੀ ਭੱਟੀ'ਚ ਦਾਖ਼ਲ ਹੋਏ ਅਤੇ ਸ਼ਿਖ਼ਰ ਦੁਪਹਿਰ ਦੀ ਗਰਮੀ ਅਤੇ ਸਰਦੀ ਦੀ ਰਾਤ ਦੀ ਠੰਡਕ ਦੀ ਚਿੰਤਾ ਨਹੀਂ ਕੀਤੀ। ਸਗੋਂ ਜਵਾਨਾਂ ਵਾਂਗ ਦੀਨ ਦੀ ਰਾਹਾਂ'ਤੇ ਤੁਰਦੇ ਰਹੇ ਅਤੇ ਆਪਣੀਆ ਤੇ ਓਪਰੀਆਂ ਵੱਲ੍ਹ ਛੁੱਕੇ ਨਹੀਂ ਅਤੇ ਰੱਬ ਲਈ ਸਭ ਨੂੰ ਛੱਡ'ਤਾ। ਉਨ੍ਹਾਂ ਦੇ ਕਰਮਾਂ'ਚ ਖ਼ੁਸ਼ਬੂ ਅਤੇ ਉਨ੍ਹਾਂ ਦੇ ਕੰਮਾਂ'ਚ ਮਹਿਕ ਹੈ ਅਤੇ ਇਹ ਸਭ ਕੁੱਝ ਉਨ੍ਹਾਂ ਦੇ ਸਥਾਨ ਦੇ ਬਾਗ਼ ਅਤੇ ਨੇਕੀਆਂ ਦੇ ਬਾਗ਼ਾਂ ਵੱਲ੍ਹ ਧਿਆਨ ਖਿੱਚਦੇ ਹਨ ਅਤੇ ਉਨ੍ਹਾਂ ਦੀ ਠੰਡੀ ਹਵਾ ਆਪਣੇ ਖ਼ੁਸ਼ਬੂਦਾਰ ਝੌਂਕਿਆ ਰਾਹੀਂ ਉਨ੍ਹਾਂ ਦੇ ਰਾਜ਼ਾਂ ਦਾ ਪਤਾ ਦਿੰਦੀ ਹੈ ਅਤੇ ਉਨ੍ਹਾਂ ਦੇ ਨੂਰ ਪੂਰੀ ਚਮਕ ਨਾਲ ਸਾਡੇ'ਤੇ ਪ੍ਰਕਟ ਹੁੰਦੇ ਹਨ।

ਫ਼ਿਰ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਰੱਬ ਦੀ ਸੌਂਹ ! ਰੱਬ ਨੇ ਦੋਵੇਂ ਬੁਜ਼ੁਰਗਾਂ ਅਰਥਾਤ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੋ ਅਤੇ ਤੀਜੇ ਜੋ ਦੋ ਨੂਰਾਂ ਵਾਲੇ ਹਨ। ਹਰ ਇੱਕ ਨੂੰ ਇਸਲਾਮ ਦੇ ਬੂਹੇ ਅਤੇ ਹਜ਼ਰਤ ਮੁੰਹਮਦ ਸੱਲਲਾਹੋ ਅਲੈਹਿ ਵਸਲੱਮ ਦੀ ਫ਼ੌਜ ਦਾ ਹਰ ਪਹਿਲਾ ਦਸਤਾ ਬਣਾਇਆ ਹੈ। ਸੋ ਜੋ ਉਨ੍ਹਾਂ ਦੀ ਵੱਡੀਆਈ'ਤੋਂ ਇੰਨਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਘੱਟ ਸਮਝਦੇ ਹਨ ਅਤੇ ਉਨ੍ਹਾ ਨਾਲ ਅਦਬ ਨਾਲ ਪੈਸ਼ ਨਹੀਂ ਆਉਂਦੇ। ਸਗੋਂ ਉਨ੍ਹਾਂ ਦਾ ਨਿਰਾਦਰ ਕਰਦੇ ਹਨ ਅਤੇ ਉਨ੍ਹਾਂ ਨੂੰ ਮੰਦਾ ਬੋਲਣ ਦੇ ਦਰ'ਤੇ ਰਹਿੰਦੇ ਹਨ ਅਤੇ ਵਾਧੂ ਗੱਲ੍ਹਾਂ ਕਰਦੇ ਹਨ ਮੈਂਨੂੰ ਉਨ੍ਹਾਂ ਦੇ ਮੰਦੇ ਅੰਤ ਅਤੇ ਈਮਾਨ ਦੇ ਬਰਬਾਦ ਹੋਣ ਦਾ ਡਰ ਹੈ।

ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ। ਸੱਚ ਤਾਂ ਇਹ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਉਮਰ ਫ਼ਾਰੂਕ ਰਜ਼ੀ ਅੱਲਾਹ ਅੰਨਹੋ ਦੋਵੇਂ ਵੱਡੇ ਸਹਾਬਿਆਂ'ਚੋਂ ਸਨ। ਇਨ੍ਹਾਂ ਦੋਵਾਂ ਨੇ ਹੱਕਾਂ ਦੀ ਪੂਰਤੀ ਹੇਤੁ ਕਦੇ ਸੁਸਤੀ ਨਹੀਂ ਕੀਤੀ। ਉਨ੍ਹਾਂ ਨੇ ਆਸਥਾ ਨੂੰ ਆਪਣਾ ਰਾਹ ਅਤੇ ਇੰਨਸਾਫ਼ ਨੂੰ ਆਪਣਾ ਉਦੇਸ਼ ਬਣਾਇਆ। ਇਨ੍ਹਾਂ ਦੋਵਾ ਦੇ ਵਿਸ਼ਵਾਸ ਤੇ ਸ਼ਰਧਾ ਦੀ ਕੀ ਗੱਲ੍ਹ। ਦੋਵੇਂ ਅਜੀਹੀ ਪਵਿੱਤਰ ਥਾਂ ਦਫ਼ਨ ਹੋਏ ਕਿ ਜੇਕਰ ਮੂਸਾ ਅਤੇ ਈਸਾ ਜਿੰਦਾ ਹੁੰਦੇ ਤਾਂ ਇੱਜ਼ਤ ਨਾਲ ਉੱਥੇ ਦਫ਼ਨ ਹੋਣ ਦੀ ਅਰਜ਼ੂਈ ਕਰਦੇ। ਹਜ਼ੂਰੇ ਅਨਵਰ ਨੇ ਅੰਤ'ਚ ਫ਼ਰਮਾਇਆ ਕਿ ਬਾਕੀ ਜ਼ਿਕਰ ਬਾਦ'ਚ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا
مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنggggg مُحَمَّدًا عَبْدُہٗ وَرَسُوْلُہٗ عِبَادَ اللّٰہِ
رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ
اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔